BRAMPTON

Media Release

ਤੁਰੰਤ ਰਿਲੀਜ ਲਈ

# ਇਸ ਸਤੰਬਰ ਬ੍ਰੈਂਪਟਨ ਵਿੱਚ ਟ੍ਰੀ ਮੰਥ ਮਨਾਓ!

ਬ੍ਰੈਂਪਟਨ, ਓਨਟੈਰੀਓ (1 ਸਤੰਬਰ, 2023) – ਸੀ.ਐਨ. (CN) ਵੱਲੋਂ ਪ੍ਰਾਯੋਜਿਤ (ਸਪਾਂਸਰਡ) ਟ੍ਰੀ ਮੰਥ (Tree Month) ਲਈ, ਸਿਟੀ ਆਫ ਬ੍ਰੈਂਪਟਨ ਦੇ ਨਾਲ ਜੁੜੋ ਅਤੇ ਸਾਡੇ ਹਰੇ-ਭਰੇ ਸ਼ਹਿਰ ਅਤੇ ਇਸਦੇ ਖੂਬਸੂਰਤ ਰੁੱਖਾਂ ਦਾ ਜਸ਼ਨ ਮਨਾਓ! ਸਿਟੀ ਅਤੇ ਇਸਦੇ ਭਾਈਵਾਲ, ਟ੍ਰੀ ਮੰਥ ਦਾ ਜਸ਼ਨ ਮਨਾਉਣ ਲਈ ਸਤੰਬਰ ਦਾ ਪੂਰਾ ਮਹੀਨਾ ਕਈ ਤਰ੍ਹਾਂ ਦੇ ਪ੍ਰੋਗਰਾਮਾਂ ਅਤੇ ਕਾਰਜਕਰਮਾਂ ਦਾ ਆਯੋਜਨ ਕਰਨਗੇ ਅਤੇ ਵਸਨੀਕਾਂ ਨੂੰ ਮਜ਼ੇਦਾਰ ਕਾਰਜਕਰਮ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਨਗੇ।

**ਰੁੱਖ ਲਗਾਉਣਾ ਅਤੇ ਮੁਫਤ ਵੰਡਣਾ (ਗਿਵਅਵੇ)**

ਸਿਟੀ, ਬ੍ਰੈਂਪਟਨ ਦੇ ਵਸਨੀਕਾਂ ਨੂੰ 500 ਰੁੱਖ ਮੁਫਤ ਦੇਵੇਗੀ। ਵਸਨੀਕ ਮੁਫਤ ਰੁੱਖ ਲੈਣ ਲਈ ਹੇਠਾਂ ਦਿੱਤੇ ਸਥਾਨਾਂ ਵਿੱਚੋਂ ਕਿਸੇ ਇੱਕ ਤੇ ਆ ਸਕਦੇ ਹਨ। ਅਜਿਹਾ ਕਰਕੇ ਉਹ ਇਸ ਮਹੀਨੇ ਵੱਧ ਪੌਦੇ ਲਗਾਉਣ ਵਿੱਚ ਅਤੇ 2040 ਤੱਕ 1 ਮਿਲੀਅਨ ਰੁੱਖ ਲਗਾਉਣ ਦੇ ਟੀਚੇ ਦੇ ਨੇੜੇ ਪਹੁੰਚਣ ਵਿੱਚ ਬ੍ਰੈਂਪਟਨ ਦੀ ਮਦਦ ਕਰ ਸਕਦੇ ਹਨ!

**23 ਸਤੰਬਰ:**

- ਗੋਰ ਮੇਡੋਜ (Gore Meadows) ਵਿਖੇ ਸਕਾਊਟ ਐਂਡ ਕਮਿਉਨਿਟੀ ਟ੍ਰੀ ਪਲਾਂਟਿੰਗ (Scout and Community Tree Planting) | ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ
- ਟ੍ਰੀ ਗਿਵਅਵੇ ਗੋਰ ਮੇਡੋਜ ਰੇਕ ਸੈਂਟਰ (Tree Giveaway Gore Meadows Rec Centre) ਪਾਰਕਿੰਗ ਲੌਟ | ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ
- ਅਰਨਸਕਲਿਫ ਰੇਕ ਸੈਂਟਰ (Earnscliffe Rec Centre) ਪਾਰਕਿੰਗ ਲੌਟ | ਦੁਪਹਿਰ ਬਾਅਦ 1 ਵਜੇ ਤੋਂ 3 ਵਜੇ ਤੱਕ

**24 ਸਤੰਬਰ:**

- ਜਿਮ ਅਰਚਡੇਕਨ ਰੇਕ ਸੈਂਟਰ (Jim Archdecken Rec Centre) ਪਾਰਕਿੰਗ ਲੌਟ | ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ
- ਕ੍ਰਿਸ ਗਿਬਸਨ ਰੇਕ ਸੈਂਟਰ (Chris Gibson Rec Centre) ਪਾਰਕਿੰਗ ਲੌਟ | ਦੁਪਹਿਰ ਬਾਅਦ 1 ਵਜੇ ਤੋਂ 3 ਵਜੇ ਤੱਕ

**ਟ੍ਰੀ ਮੰਥ ਦੇ ਕਾਰਜਕਰਮ**

- 10 ਸਤੰਬਰ – ਬਾਈਕ ਬ੍ਰੈਂਪਟਨ (Bike Brampton) ਦੇ ਨਾਲ ਟ੍ਰੀ ਬਾਈਕ ਟੂਰ

ਵਸਨੀਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਿਟੀ ਦੇ ਸਭ ਤੋਂ ਪਹਿਲੇ ਟ੍ਰੀ ਮੰਥ ਫੋਟੋਗ੍ਰਾਫੀ ਮੁਕਾਬਲੇ ਵਿੱਚ ਹਿੱਸਾ ਲੈਣ। ਬ੍ਰੈਂਪਟਨ ਦੀਆਂ ਖੂਬਸੂਰਤ ਟ੍ਰੇਲਾਂ ਦੀ ਪੜਚੋਲ ਕਰੋ ਅਤੇ ਪੀਟਰ ਵ੍ਹੋਲੈਬਨ (Peter Wohllaben) ਵੱਲੋਂ ਹਿਡਨ ਲਾਈਫ ਆਫ ਟ੍ਰੀਜ (Hidden Life of Trees) ਦੀ ਕਾਪੀ ਜਿੱਤਣ ਦੇ ਆਪਣੇ ਮੌਕੇ ਲਈ ਰੁੱਖ ਦਾ ਫੋਟੋ ਖਿੱਚੋ।

ਕੀ ਥੋੜ੍ਹੀ ਪ੍ਰੇਰਣਾ ਚਾਹੀਦੀ ਹੈ? ਇੱਥੇ ਘੁੰਮਦੇ ਸਮੇਂ ਫੋਟੋ ਖਿੱਚਣ ਦੇ ਕੁਝ ਸੁਝਾਅ ਦਿੱਤੇ ਗਏ ਹਨ:

- ਰੁੱਖ ਦੇ ਪੱਤੇ ਦਾ ਕਲੋਜ ਅੱਪ
- ਮਨਪਸੰਦ ਰੁੱਖ
- ਤੁਹਾਡੇ ਯਾਰਡ ਜਾਂ ਪਾਰਕ ਵਿੱਚ ਇੱਕ ਰੁੱਖ

- ਇੱਕ ਵੁੱਡਲੌਟ
- ਇੱਕ ਖਾਸ ਰੁੱਖ, ਜਿਸਦੀ ਕੋਈ ਕਹਾਣੀ ਹੋਵੇ

ਆਪਣੀਆਂ ਫੋਟੋਆਂ, www.brampton.ca/treemonth ਤੇ ਔਨਲਾਈਨ ਜਮ੍ਹਾਂ ਕਰੋ। ਆਪਣੀਆਂ ਤਸਵੀਰਾਂ ਨੂੰ, #BramptonTrees ਵਰਤਦੇ ਹੋਏ ਸੋਸ਼ਲ ਮੀਡੀਆ ਤੇ ਸਾਂਝੀਆਂ ਕਰਨੀਆਂ ਨਾ ਭੁੱਲੋ ਅਤੇ ਸਾਡੇ ਚੈਨਲਾਂ, @CityBrampton ਤੇ ਅਤੇ ਵੈਬਸਾਈਟ www.brampton.ca/trees ਤੇ ਪੇਸ਼ ਕੀਤੇ ਜਾਣ ਦਾ ਮੌਕਾ ਪ੍ਰਾਪਤ ਕਰੋ!

**ਰੁੱਖ-ਸਰੋਤ**

ਇਹਨਾਂ ਉਪਯੋਗੀ ਰੁੱਖ ਵਸੀਲਿਆਂ ਦੀ ਵਰਤੋਂ ਕਰਦੇ ਹੋਏ ਰੁੱਖਾਂ ਬਾਰੇ ਸਭ ਕੁਝ ਜਾਣੋ ਅਤੇ ਟ੍ਰੀ ਮੰਥ ਵਿੱਚ ਹਿੱਸਾ ਲਵੋ:

- ਬ੍ਰੈਂਪਟਨ ਟ੍ਰੀਜ (Brampton Trees)
- ਸਿਟੀ ਆਫ ਬ੍ਰੈਂਪਟਨ ਵੱਲੋਂ ਰੁੱਖਾਂ ਦੀ ਦੇਖਭਾਲ ਸਬੰਧੀ ਸੁਝਾਅ (Tree Care Tips from the City of Brampton)
- ਇੰਟਰਐਕਟਿਵ ਟ੍ਰੀ ਟ੍ਰੈਕਿੰਗ ਟੂਲ (Interactive Tree Tracking Tool)
- ਵਨ ਮਿਲੀਅਨ ਟ੍ਰੀਜ ਪ੍ਰੋਗਰਾਮ (One Million Trees Program)
- ਟ੍ਰੀ ਕੈਨੇਡਾ (Tree Canada)

**ਬ੍ਰੈਂਪਟਨ ਦੇ ਰੁੱਖਾਂ ਬਾਰੇ ਤੱਥ**

- ਇਸ ਵੇਲੇ ਬ੍ਰੈਂਪਟਨ ਵਿੱਚ ਲਗਭਗ 3.6 ਮਿਲੀਅਨ ਰੁੱਖ ਹਨ ਅਤੇ ਰੀਜਨ ਆਫ ਪੀਲ (Region of Peel) ਅਤੇ ਵੱਖ-ਵੱਖ ਕਨਜਰਵੇਸ਼ਨ ਅਥਾੱਰਿਟੀਜ (Conservation Authorities) ਦੇ ਨਾਲ ਮਿਲ ਕੇ, ਅਰਬਨ ਕੈਨੋਪੀ ਅਸੈਸਮੈਂਟ (Urban Canopy Assessment) ਸਟਡੀ ਕੀਤੀ ਜਾ ਰਹੀ ਹੈ
- ਸਿਟੀ ਅਤੇ ਇਸਦੇ ਭਾਈਵਾਲਾਂ – ਜਿਹਨਾਂ ਵਿੱਚ ਸ਼ਾਮਲ ਹਨ, ਕਨਜਰਵੇਸ਼ਨ ਅਥਾੱਰਿਟੀਜ, ਰੀਜਨ ਆਫ ਪੀਲ, ਸਕੂਲ ਬੋਰਡ ਅਤੇ ਵਿਕਾਸ ਇੰਡਸਟਰੀ – ਨੇ ਬ੍ਰੈਂਪਟਨ ਵਿੱਚ ਹਰ ਸਾਲ 40,000 ਤੱਕ ਰੁੱਖ ਲਗਾਏ ਹਨ।
- 2014 ਤੋਂ ਬਾਅਦ, ਬ੍ਰੈਂਪਟਨ ਵਿੱਚ ਇੱਕ ਤਿਹਾਈ ਮਿਲੀਅਨ ਰੁੱਖ ਲਗਾਏ ਗਏ ਹਨ।

**ਵਨ ਮਿਲੀਅਨ ਟ੍ਰੀਜ ਪ੍ਰੋਗਰਾਮ (One Million Trees Program)**

ਫਰਵਰੀ 2020 ਵਿੱਚ, ਬ੍ਰੈਂਪਟਨ ਕਾਉਂਸਿਲ (Brampton Council) ਨੇ ਬ੍ਰੈਂਪਟਨ ਵਨ ਮਿਲੀਅਨ ਟ੍ਰੀਜ ਪ੍ਰੋਗਰਾਮ ਨੂੰ ਪ੍ਰਵਾਨਗੀ ਦਿੱਤੀ ਸੀ – ਇਹ, ਰੁੱਖ ਲਗਾਉਣ ਸਬੰਧੀ ਪਹਿਲਕਦਮੀਆਂ ਨੂੰ ਵਧਾਉਣ ਅਤੇ 2040 ਤੱਕ ਇੱਕ ਮਿਲੀਅਨ ਰੁੱਖਾਂ ਦੇ ਟੀਚੇ ਨੂੰ ਅਮਲੀ ਰੂਪ ਦੇਣ ਲਈ, ਸਿਟੀ ਅਤੇ ਇਸਦੇ ਭਾਈਵਾਲਾਂ ਲਈ ਇੱਕ ਫ੍ਰੇਮਵਰਕ ਹੈ।

ਇੱਕ ਮਿਲੀਅਨ ਨਵੇਂ ਰੁੱਖਾਂ ਦਾ ਆਪਣਾ ਟੀਚਾ ਪੂਰਾ ਕਰਨ ਵਿੱਚ ਬ੍ਰੈਂਪਟਨ ਦੀ ਮਦਦ ਕਰਨ ਵਿੱਚ ਹਰ ਕੋਈ ਮਹੱਤਵਪੂਰਣ ਭੂਮਿਕਾ ਨਿਭਾ ਸਕਦਾ ਹੈ, ਭਾਵੇਂ ਸਿਟੀ ਆਪਣੀਆਂ ਖੁਦ ਦੀਆਂ ਪ੍ਰਾਪਰਟੀਜ ਤੇ ਲਗਾ ਰਹੀ ਹੋਵੇ ਜਾਂ, ਵਸਨੀਕ, ਕਾਰੋਬਾਰੀ ਜਾਂ ਸਿਟੀ ਦੇ ਭਾਈਵਾਲ, ਰੁੱਖ ਲਗਾਉਣ ਦੇ ਕਾਰਜਕਰਮਾਂ ਵਿੱਚ ਹਿੱਸਾ ਲੈ ਰਹੇ ਹੋਣ, ਰੁੱਖ ਲਗਾਉਣ ਦੇ ਮਹੱਤਵ ਅਤੇ ਬ੍ਰੈਂਪਟਨ ਵਨ ਮਿਲੀਅਨ ਟ੍ਰੀ ਪ੍ਰੋਗਰਾਮ ਬਾਰੇ ਜਾਗਰੂਕਤਾ ਫੈਲਾਉਣਾ ਹੋਵੇ ਅਤੇ/ਜਾਂ ਪੂਰੇ ਸ਼ਹਿਰ ਵਿੱਚ ਰੁੱਖ ਲਗਾਉਣ ਦੀ ਹਿਮਾਇਤ ਕਰਨ ਲਈ ਵਸੀਲਿਆਂ ਡੋਨੇਟ ਕਰਨਾ ਹੋਵੇ।

**ਹਵਾਲੇ**

"ਟ੍ਰੀ ਮੰਥ, ਸਾਡੇ ਲਈ ਆਪਣੇ ਹਰੇ-ਭਰੇ ਸ਼ਹਿਰ ਨੂੰ ਵਿਕਸਿਤ ਕਰਨ ਤੇ ਧਿਆਨ ਕੇਂਦਰਿਤ ਕਰਨ ਦਾ ਸ਼ਾਨਦਾਰ ਸਮਾਂ ਹੈ! ਮੈਂ ਸਾਰੇ ਵਸਨੀਕਾਂ ਨੂੰ, ਇਸ ਮਹੀਨੇ ਸ਼ਾਮਲ ਹੋ ਕੇ ਸਾਡੀ ਪੂਰੀ ਕਮਿਉਨਿਟੀ ਵਿੱਚ ਰੁੱਖ ਲਗਾਉਣ ਵਿੱਚ ਸਾਡੀ ਮਦਦ ਕਰਨ ਲਈ ਉਤਸ਼ਾਹਿਤ ਕਰਦਾ ਹਾਂ। ਰੁੱਖ ਬਹੁਤ ਸਾਰੇ ਫਾਇਦੇ ਦਿੰਦੇ ਹਨ, ਜਿਹਨਾਂ ਵਿੱਚ ਸ਼ਾਮਲ ਹਨ, ਵੱਧ ਸਾਫ ਹਵਾ, ਜਲਵਾਯੂ ਸਬੰਧੀ ਤਬਦੀਲੀ ਦੇ ਪ੍ਰਭਾਵਾਂ ਨੂੰ ਘਟਾਉਣਾ ਅਤੇ ਸਾਡੀ ਕਮਿਉਨਿਟੀ ਨੂੰ ਖੂਬਸੂਰਤ ਬਣਾਉਣਾ। ਇਸ

ਵਿੱਚ ਹਿੱਸਾ ਲੈਣਾ ਯਕੀਨੀ ਬਣਾਓ ਅਤੇ ਸਾਡੇ ਨਾਲ ਮਿਲ ਕੇ ਟ੍ਰੀ ਮੰਥ ਦਾ ਜਸ਼ਨ ਮਨਾਓ ਅਤੇ ਟ੍ਰੀ ਗਿਵਅਵੇ ਦੇ ਦਿਨਾਂ ਵਿੱਚੋਂ ਇੱਕ ਦਿਨ ਆਪਣਾ ਮੁਫਤ ਰੁੱਖ ਲੈ ਕੇ ਜਾਓ!"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 90,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca